# ਹਿੰਦੁਸਤਾਨ ਵਿਚ ਅਫ਼ਰੀਕਾ ਨਾਲੋਂ ਵੀ ਜ਼ਿਆਦਾ ਗਰੀਬੀ

ਆਕਸਫੋਰਡ ਯੂਨੀਵਰਸਟੀ ਅਤੇ ਯੂ ਐਨ ੳ ਵਲੋਂ ਹੁਣੇ ਜਿਹੇ ਛਾਪੀ ਗਈ ਇਕ ਖੋਜ ਰਿਪੋਰਟ ਮੁਤਾਬਿਕ ਹਿੰਦੁਸਤਾਨ ਦੇ ਸਿਰਫ਼ ਅੱਠ ਸੂਬਿਆਂ ਵਿਚ ਅਫ਼ਰੀਕਾ ਦੇ ਸਾਰਿਆਂ ਨਾਲੋਂ ਗਰੀਬ ਛੱਬੀ ਮੁਲਕਾਂ ਨਾਲੋਂ ਵੀ ਜ਼ਿਆਦਾ ਗਰੀਬ ਲੋਕ ਹਨ। ਇਸ ਖੋਜ ਨੂੰ ਕਰਨ ਵਾਲਿਆਂ ਨੇ ਗੁਰਬਤ ਦਾ ਨਿਰਨਾ ਇਸ ਅਧਾਰ ਤੇ ਕੀਤਾ ਹੈ ਕਿ ਲੋਕਾਂ ਨੂੰ ਸਿਹਤ, ਰੋਟੀ ਅਤੇ ਤਾਲੀਮ ਹਾਸਲ ਕਰਨ ਦੀਆਂ ਸਹੂਲਤਾਂ ਮਿਲਦੀਆਂ ਹਨ ਕਿ ਨਹੀਂ।

ਇਸ ਖੋਜ ਮੁਤਾਬਕ ਹਿੰਦੁਸਤਾਨ ਦੇ ਇਨ੍ਹਾਂ ਅੱਠ ਸੂਬਿਆਂ ਵਿਚ 42 ਕਰੋੜ ਗਰੀਬ ਲੋਕਾਂ ਨੂੰ ਰੋਟੀ, ਸਿਹਤ ਅਤੇ ਤਾਲੀਮ ਦੇ ਵਸੀਲੇ ਹਾਸਲ ਨਹੀ। ਜਦਕਿ ਅਫ਼ਰੀਕਾ ਦੇ ਸਾਰਿਆਂ ਨਾਲੋਂ ਗਰੀਬ 26 ਮੁਲਕਾਂ ਵਿਚ 41 ਕਰੋੜ ਵਸੋਂ ਨੂੰ ਸਿਹਤ, ਰੋਟੀ ਅਤੇ ਤਾਲੀਮ ਹਾਸਲ ਨਹੀਂ। ਹੋਰਨਾਂ ਅਦਾਰਿਆਂ ਵਲੋਂ ਇਕੱਠੇ ਕੀਤੇ ਅੰਕੜਿਆਂ ਮੁਤਾਬਿਕ ਵੀ ਹਿੰਦੁਸਤਾਨ ਦੇ 84 ਕਰੋੜ ਲੋਕਾਂ ਨੂੰ ਹਰ ਰੋਜ਼ ਖ਼ਰਚਣ ਲਈ ਪ੍ਰਤੀ ਜੀ ਵੀਹ ਰੁਪਏ ਵੀ ਹਾਸਲ ਨਹੀਂ ਹਨ। ਇਹ ਅੰਕੜੇ ਮਨਮੋਹਨ ਸਿੰਘ ਸਰਕਾਰ ਦੇ ਇਨ੍ਹਾਂ ਦਾਅਵਿਆਂ ਨੂੰ ਝੁਠਲਾਂਉਦੇ ਹਨ ਕਿ ਉਸਦੀ ਸਰਕਾਰ ਨੇ ਆਮ ਆਦਮੀ ਲਈ ਬਹੁਤ ਕੁਝ ਕੀਤਾ ਹੈ। ਅਸਲੀਅਤ ਦਸਦੀ ਹੈ ਕਿ ਇਸ ਸਮੇਂ ਵਿਚ ਆਮ ਆਦਮੀ ਦਾ ਹਾਲ ਹੋਰ ਵੀ ਵਿਗੜਿਆ ਹੈ।

ਦੂਜੇ ਪਾਸੇ ਅਰਬਪਤੀਆਂ ਦੀ ਦੌਲਤ ਅੱਗੇ ਨਾਲੋਂ ਵੀ ਵੱਧ ਰਹੀ ਹੈ। ਦੱਸਿਆ ਜਾਂਦਾ ਹੈ ਕਿ ਵਸੋਂ ਦੇ 001 ਫੀ ਸਦੀ ਅਮੀਰਾਂ ਕੋਲ ਕੁਲ ਮੁਲਕ ਦੀ ਇਕ ਤਿਹਾਈ ਨਾਲੋਂ ਜ਼ਿਆਦਾ ਦੌਲਤ ਹੈ। ਸਰਮਾਏਦਾਰਾ ਢਾਂਚੇ ਵਿਚ ਗਰੀਬਾਂ ਦਾ ਗਰੀਬ ਹੋਣਾ ਅਤੇ ਅਮੀਰਾਂ ਦਾ ਹੋਰ ਅਮੀਰ ਹੋਣਾ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ। ਪਿਛਲੇ 63 ਸਾਲਾਂ ਤੋਂ ਇਹ ਹੀ ਹੁੰਦਾ ਆ ਰਿਹਾ ਹੈ ਅਤੇ ਹਰੇਕ ਸਰਕਾਰ ਨੇ ਭਾਂਵੇ ਉਹ ਕਾਂਗਰਸ ਪਾਰਟੀ ਦੀ ਸੀ ਜਾਂ ਬੀ ਜੇ ਪੀ ਜਾਂ ਕਾਮਰੇਡਾਂ ਦੇ ਗਠਜੋੜ ਨਾਲ ਬਣੀ ਸਰਕਾਰ, ਲੋਕਾਂ  ਦੇ ਹਾਲਾਤ ਬਦ ਤੋਂ ਬਦਤਰ ਹੀ ਹੁੰਦੇ ਰਹੇ ਹਨ। ਇਨ੍ਹਾਂ ਅੱਠ ਸੂਬਿਆਂ ਵਿਚ, ਜਿਨ੍ਹਾਂ ਦੀ ਖੋਜ ਕੀਤੀ ਗਈ ਹੈ, ਪੱਛਮੀ ਬੰਗਾਲ ਵੀ ਸ਼ਾਮਲ ਹੈ ਜਿੱਥੇ ਸੀਪੀਆਈ (ਐਮ) ਦੀ ਸਰਕਾਰ ਪਿਛਲੇ 33 ਸਾਲਾਂ ਤੋਂ ਰਾਜ ਕਰ ਰਹੀ ਹੈ।

ਨਹਿਰੂ ਦੇ ਸੋਸ਼ਲਿਜ਼ਮ ਦੇ ਨਾਅਰੇ ਹੇਠ ਵੀ ਲੋਕਾਂ ਦਾ ਹਾਲ ਭੈੜਾ ਸੀ, ਇੰਦਰਾ ਗਾਂਧੀ ਦੇ ਗਰੀਬੀ ਹਟਾਓ ਪ੍ਰੋਗਰਾਮ ਹੇਠ ਹੋਰ ਵਿਗੜਿਆ ਅਤੇ ਹੁਣ ਮਨਮੋਹਨ ਸਿੰਘ ਦੇ ਲਿਬਰਲਾਈਜ਼ੇਸ਼ਨ ਅਤੇ ਆਮ ਆਦਮੀ ਦੇ ਭਲੇ ਦੇ ਨਾਅਰੇ ਹੇਠ ਅੱਗੇ ਨਾਲੋਂ ਵੀ ਜ਼ਿਆਦਾ ਭੈੜਾ ਹਾਲ ਹੈ। ਭਾਜਪਾ ਦੀ ਅਗਵਾਈ ਹੇਠਲੀ ਸਰਕਾਰ ਦੇ ਜ਼ਮਾਨੇ ਵਿਚ ਵੀ ਸਰਕਾਰੀ ਬੰਦਿਆਂ ਵਲੋਂ ਇੰਡੀਆ ਸ਼ਾਇਨਿੰਗ ਦੀਆਂ ਗੱਲਾਂ ਤਾਂ ਹੁੰਦੀਆਂ ਰਹੀ ਪਰ ਆਮ ਲੋਕਾਂ ਜ਼ਿੰਦਗੀ ਨੂੰ ਤੰਗੀਆਂ ਹੀ ਮਿਲੀਆਂ। ਇਸ ਆਰਥਕ ਢਾਂਚੇ ਵਿਚ ਰਹਿ ਕੇ ਹੋਰ ਕੁਝ ਹੋ ਹੀ ਨਹੀਂ ਸਕਦਾ ਭਾਵੇਂ ਜਿਹਦੀ ਮਰਜ਼ੀ ਸਰਕਾਰ ਆ ਜਾਵੇ।। ਇਸ ਅਰਥਚਾਰੇ ਦੀ ਬੁਨਿਆਦ ਮੁੱਠੀ ਭਰ ਅਮੀਰਾਂ ਵਲੋਂ ਦੇਸ਼ ਦੇ ਸਾਰੇ ਕੁਦਰਤੀ ਅਤੇ ਮਨੁੱਖੀ ਸਾਧਨਾਂ ਦੀ ਲੁੱਟ ਵੱਧ ਤੋਂ ਵੱਧ ਮੁਨਾਫਿਆਂ ਲਈ ਹੈ। ਇਸ ਅਰਥਚਾਰੇ ਵਿਚ ਲੋਕਾਂ ਦੀ ਗਰੀਬੀ ਖ਼ਤਮ ਨਹੀਂ ਹੋ ਸਕਦੀ ਕਿਉਂਕਿ ਗਰੀਬਾਂ ਦੀ ਮਿਹਨਤ ਨਾਲ ਪੈਦਾ ਕੀਤੀ ਹੋਈ ਦੌਲਤ ਅਮੀਰ ਕਬਜ਼ੇ ਵਿਚ ਕਰ ਲੈਂਦੇ ਹਨ। ਰਾਜਤੰਤ੍ਰ, ਰਿਆਸਤ ਅਤੇ ਸਰਕਾਰ ਇਹ ਦੌਲਤ ਅਮੀਰਾਂ ਦੇ ਹੱਥ ਦੇਣ ਲਈ ਹੀ ਹਰੇਕ ਫੈਸਲਾ ਕਰਦੇ ਹਨ। ਮਿਸਾਲ ਦੇ ਤੌਰ ਤੇ ਸਰਕਾਰ ਨੇ ਇਸ ਸਾਲ ਸਾਲਾਨਾ ਬਜਟ ਦਾ ਸੱਠ ਫੀ ਸਦੀ ਤੋਂ ਵੀ ਜ਼ਿਆਦਾ ਹਿੱਸਾ ਇਨ੍ਹਾਂ ਅਮੀਰਾਂ ਦੇ ਹਵਾਲੇ ਕਰ ਦਿਤਾ ਹੈ ਅਤੇ ਲੋਕਾਂ ਦੀਆਂ ਲੋੜਾਂ ਲਈ ਬਜਟ ਦਾ ਸਿਰਫ਼ ਇਕ ਫੀ ਸਦੀ ਹੀ ਰਾਖਵਾਂ ਰੱਖਿਆ ਹੈ। ਫੇਰ ਲੋਕਾਂ ਦੀ ਗਰੀਬੀ ਕਿਸ ਤਰਾਂ ਦੂਰ ਹੋ ਸਕਦੀ ਹੈ?

ਲੋਕਾਂ ਨੂੰ ਆਪਣੇ ਹੱਥਾਂ ਨਾਲ ਪੈਦਾ ਕੀਤੀ ਹੋਈ ਦੌਲਤ ਆਪਣੇ ਹੱਥਾਂ ਵਿਚ ਰੱਖਣ ਨਾਲ ਹੀ ਇਹ ਗਰੀਬੀ ਖ਼ਤਮ ਹੋ ਸਕਦੀ ਹੈ ਅਤੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਹੋ ਸਕਦੀਆਂ ਹਨ। ਮੁਲਕ ਦੀ ਸਾਰੀ ਦੌਲਤ ਲੋਕ ਪੈਦਾ ਕਰਦੇ ਹਨ ਪਰ ਹਾਕਮ ਟੋਲਾ ਇਸ ਦੌਲਤ ਨੂੰ ਹੜੱਪ ਲੈਂਦਾ ਹੈ। ਲੋਕ ਇਕੱਠੇ ਹੋ ਕੇ ਇਸ ਲੁੱਟ ਨੂੰ ਖ਼ਤਮ ਕਰਕੇ ਆਪਣੀ ਦੌਲਤ ਨਾਲ ਆਪਣੀਆਂ ਲੋੜਾਂ ਪੂਰੀਆਂ ਕਰ ਸਕਦੇ ਹਨ। ਇਸ ਦੇ ਬਗੈਰ ਗਰੀਬੀ ਘਟ ਨਹੀਂ ਸਕਦੀ, ਮੁਕ ਨਹੀਂ ਸਕਦੀ। ਇਹ ਕੰਮ ਕਿਸੇ ਵੀ ਸਿਆਸੀ ਪਾਰਟੀ ਜਾਂ ਵਿਅਕਤੀ ਦੇ ਵੱਸ ਦੀ ਗੱਲ ਨਹੀਂ ਚਾਹੇ ਮਨਮੋਹਨ ਸਿੰਘ ਹੋਵੇ ਜਾਂ ਰਾਹੁਲ ਗਾਂਧੀ, ਜਾਂ ਕੋਈ ਹੋਰ। ਆਪਣੇ ਬਗੈਰ ਲੋਕ ਇਸ ਕੰਮ ਲਈ ਕਿਸੇ ਹੋਰ ਤੇ ਭਰੋਸਾ ਨਹੀਂ ਕਰ ਸਕਦੇ। ਪਿਛਲੇ ਸਾਲਾਂ ਤੇ ਦਹਾਕਿਆਂ ਦਾ ਤਜਰਬਾ ਇਹ ਹੀ ਦਸਦਾ ਹੈ ਲੋਕਾਂ ਨੂੰ ਆਪਣੇ ਮਸਲੇ ਆਪ ਹੱਲ ਕਰਨੇ ਪੈਣੇ ਹਨ।